# ਪੰਜਾਬੀ ਭਾਸ਼ਾ ਵਿਕਾਸ ਕਾਨਫ਼ਰੰਸ



ਭਾਸ਼ਾਵਾਂ, ਸਾਹਿਤ ਤੇ ਸਭਿਆਚਾਰਕ ਮਾਮਲੇ ਕੌਂਸਲ ਵਲੋਂ 20 ਸਤੰਬਰ, 2015 ਨੂੰ ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਵਿਖੇ ਆਯੋਜਿਤ ਪੰਜਾਬੀ ਭਾਸ਼ਾ ਵਿਕਾਸ ਕਾਨਫ਼ਰੰਸ ਵਿਚ ਸ਼ਾਮਲ ਵਿਦਿਆਰਥੀਆਂ, ਸਾਹਿਤਕਾਰਾਂ, ਆਗੂਆਂ ਅਤੇ ਸੰਗਤਾਂ ਦੇ ਇਕੱਠ ਨੇ ਸਮੂੰਹ ਪੰਜਾਬੀਆਂ ਨੂੰ ਪੰਜਾਬੀਅਤ ਦੇ ਗੌਰਵਮਈ ਵਿਰਸੇ ਦੇ ਵਾਰਸ ਬਣ ਕੇ ਪੰਜਾਬੀ ਬੋਲੀ ਦੀ ਸੇਵਾ ਵਿਚ ਜੁੱਟ ਜਾਣ ਦੀ ਅਪੀਲ ਕੀਤੀ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪੁੱਜੇ ਲਿਖਾਰੀਆਂ, ਸਾਹਿਤਕਾਰਾਂ, ਵਿਦਿਆ ਸ਼ਾਸ਼ਤਰੀਆਂ ਅਤੇ ਪੰਜਾਬੀ ਪ੍ਰੇਮੀਆਂ ਨੇ ਪਰਿਵਾਰਾਂ ਵਿਚ ਪੰਜਾਬੀ ਬੋਲਣ, ਬੱਚਿਆਂ ਨੂੰ ਗੁਰਮੁੱਖੀ ਲਿਪੀ ਪੜ੍ਹਾਉਣ ਅਤੇ ਇਸ ਦੇ ਕੰਪਿਊਟਰੀਕਰਨ ਅਤੇ ਕੀ-ਬੋਰਡ ਪ੍ਰਚੱਲਤ ਕਰਨ ਲਈ ਤੱਤਪਰ ਹੋਣ ਹਿੱਤ ਵਚਨ ਕੀਤਾ।

ਕਾਨਫ਼ਰੰਸ ਦੇ ਮੁੱਖ ਮਹਿਮਾਨ ਡਾ: ਚਰਨਜੀਤ ਸਿੰਘ, ਸਪੀਕਰ ਪੰਜਾਬ ਵਿਧਾਨ ਸਭਾ ਨੇ ਵਿਧਾਨ ਸਭਾ ਦੇ ਕੰਮਕਾਜ ਵਿਚ ਪੰਜਾਬੀ ਦੀ ਵਰਤੋਂ ਯਕੀਨੀ ਅਤੇ ਪ੍ਰਭਾਵਸ਼ਾਲੀ ਬਨਾਉਣ ਹਿੱਤ ਯੋਗ ਕਦਮ ਚੁੱਕਣ ਦਾ ਭਰੋਸਾ ਦਿਵਾਇਆ। ਪੰਜਾਬੀ ਸੂਬੇ ਲਈ ਕੁਰਬਾਨੀਆਂ ਕਰਨ ਵਾਲੇ ਸਮੂੰਹ ਪੰਜਾਬੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੇ ਮਾਣ ਕਰਨ ਦਾ ਸੱਦਾ ਦਿੱਤਾ।

ਕਾਨਫ਼ਰੰਸ ਦੀ ਪ੍ਰਧਾਨਗੀ ਕਰਦਿਆਂ ਡਾ: ਦਲਜੀਤ ਸਿੰਘ, ਸਿੱਖਿਆ ਮੰਤਰੀ, ਪੰਜਾਬ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਾਨਫ਼ਰੰਸ ਦੌਰਾਨ ਸੁਝਾਏ ਮਤਿਆਂ ਦੀ ਤਾਰੀਫ਼ ਕਰਦਿਆਂ ਸਰਕਾਰ ਵਲੋਂ ਸੰਜੀਦਗੀ ਨਾਲ ਵਿਚਾਰ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸਕੂਲ ਵਿਚ ਪੰਜਾਬ ਸਰਕਾਰ ਦੇ ਫੈਸਲੇ ਅਨੁਸਾਰ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਨਹੀਂ ਪੜ੍ਹਾਈ ਜਾ ਰਹੀ, ਉਸ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਸਟੱਡੀ ਸਰਕਲ ਵਲੋਂ ਸਿੱਖਿਆ ਅਤੇ ਭਾਸ਼ਾ ਦੇ ਪਸਾਰ ਲਈ ਕੀਤੇ ਜਾ ਰਹੇ ਕਾਰਜਾਂ ਵਾਸਤੇ 10 ਲੱਖ ਰੁਪਏ ਦੀ ਸਹਾਇਤਾ ਦਾ ਐਲਾਨ ਵੀ ਕੀਤਾ।

ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਸ੍ਰ: ਸੁਖਦੇਵ ਸਿੰਘ ਭੌਰ, ਜਨਰਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਪਹਿਲੇ ਜਨਰਲ ਇਜਲਾਸ ਵਿਚ ਪੰਜਾਬੀ ਦੀ ਵਰਤੋਂ ਸਬੰਧੀ ਮਤਾ ਪਾਸ ਕੀਤਾ ਗਿਆ ਸੀ, ਜੋ ਅਜੇ ਤੱਕ ਲਾਗੂ ਹੈ। ਉਨ੍ਹਾਂ ਆਖਿਆ ਕਿ ਨੌਜਵਾਨ ਅਤੇ ਬੱਚੇ ਗੁਰਬਾਣੀ ਅਤੇ ਸਿੱਖ ਵਿਰਾਸਤ ਨਾਲ ਪੰਜਾਬੀ ਅਤੇ ਗੁਰਮੁਖੀ ਲਿਪੀ ਤੋਂ ਬਿਨਾਂ ਨਹੀਂ ਜੁੜ ਸਕਦੇ।

ਇਸ ਤੋਂ ਪਹਿਲਾਂ ਪੰਜਾਬ ਰਾਜ ਭਾਸ਼ਾ ਐਕਟ ਦੀਆਂ ਤਰੁੱਟੀਆਂ ਅਤੇ ਹੱਲ ਵਿਸ਼ੇ ’ਤੇ ਪਰਚਾ ਪੇਸ਼ ਕਰਦਿਆਂ ਉੱਘੇ ਨਾਵਲਕਾਰ ਤੇ ਲੇਖਕ ਸ੍ਰੀ ਮਿੱਤਰ ਸੈਨ ਮੀਤ ਨੇ ਪੰਜਾਬੀ ਭਾਸ਼ਾ ਐਕਟ 1967 ਵਿਚ ਤਰਮੀਮ ਲਈ ਗਿਆਰਾਂ ਸੋਧਾਂ ਸੁਝਾਈਆਂ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਕੰਪਿਊਟਰ ਵਿਕਾਸ ਕੇਂਦਰ ਦੇ ਮੁਖੀ ਡਾ: ਛਿੰਦਰਪਾਲ ਨੇ ਕੰਪਿਊਟਰ ਰਾਹੀਂ ਪੰਜਾਬੀ ਭਾਸ਼ਾ ਦਾ ਵਿਕਾਸ ਤੇ ਪ੍ਰਚਾਰ-ਪ੍ਰਸਾਰ ਵਿਸ਼ੇ ਬਾਰੇ ਪਰਚਾ ਪੇਸ਼ ਕੀਤਾ। ਸਾਹਿਤਕਾਰ ਸਦਨ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਉੱਘੇ ਲੇਖਕ ਇੰਜੀ: ਕਰਮਜੀਤ ਸਿੰਘ ਹੋਰਾਂ ਪੰਜਾਬੀ ਭਾਸ਼ਾ ਅਤੇ ਇਸ ਦੇ ਵਿਕਾਸ ਵਿਚ ਜੁਟੀਆਂ ਸਰਕਾਰੀ/ਅਰਧ-ਸਰਕਾਰੀ ਸੰਸਥਾਵਾਂ ਦੇ ਕੰਮਕਾਜ ਸਬੰਧੀ ਵਿਸਤਰਤ ਪਰਚਾ ਪੇਸ਼ ਕੀਤਾ। ਡਾ: ਸਰਬਜੋਤ ਕੌਰ ਸਾਬਕਾ ਮੁਖੀ, ਪੰਜਾਬੀ ਵਿਭਾਗ, ਸਰਕਾਰੀ ਕਾਲਜ, ਲੁਧਿਆਣਾ ਅਤੇ ਪ੍ਰਧਾਨ, ਸਾਹਿਤਕਾਰ ਸਦਨ ਹੋਰਾਂ ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਵਿਸਤਾਰ ਵਿਸ਼ੇ ’ਤੇ ਪਰਚਾ ਪੇਸ਼ ਕੀਤਾ।

ਕਾਨਫ਼ਰੰਸ ਦੀ ਸ਼ੁਰੂਆਤ ਵਿਚ ਸ੍ਰ: ਪ੍ਰਤਾਪ ਸਿੰਘ ਚੇਅਰਮੈਨ ਹੁਰਾਂ ਆਏ ਪਤਵੰਤਿਆਂ ਤੇ ਪੰਜਾਬੀ ਪ੍ਰੇਮੀਆਂ ਨੂੰ ਜੀ ਆਇਆਂ ਆਖਿਆ। ਕਾਨਫ਼ਰੰਸ ਦੇ ਕਨਵੀਨਰ ਡਾ: ਹਰੀ ਸਿੰਘ ਜਾਚਕ ਨੇ ਕਿਹਾ ਕਿ 50 ਸਾਲ ਦੇ ਕਰੀਬ ਬੀਤਣ ਦੇ ਬਾਵਜੂਦ ਵੀ ਪੰਜਾਬੀ ਮਾਤ ਭਾਸ਼ਾ ਨੂੰ ਰਾਜ ਭਾਸ਼ਾ ਵਜੋਂ ਬਣਦਾ ਰੁਤਬਾ ਪ੍ਰਾਪਤ ਨਹੀਂ ਹੋ ਸਕਿਆ। ਸਟੱਡੀ ਸਰਕਲ ਦੇ ਚੀਫ਼ ਸਕੱਤਰ ਸ੍ਰ: ਪਿਰਥੀ ਸਿੰਘ ਹੋਰਾਂ ਕਿਹਾ ਕਿ ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਦਾ ਮੁਲਾਂਕਣ ਕਰਨ ਲਈ ਹੀ ਇਸ ਪੰਜਾਬੀ ਭਾਸ਼ਾ ਵਿਕਾਸ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ ਹੈ।

ਡਾ: ਜੋਗਿੰਦਰ ਸਿੰਘ, ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀ: ਸ੍ਰ: ਸਤਨਾਮ ਸਿੰਘ ਮਾਣਕ ਰੋਜ਼ਾਨਾ ਅਜੀਤ, ਸ੍ਰੀ ਵਿਜੈ ਚੋਪੜਾ ਚੀਫ਼ ਐਡੀਟਰ ਪੰਜਾਬ ਕੇਸਰੀ ਗਰੁੱਪ, ਡਾ: ਚੇਤਨ ਸਿੰਘ ਡਾਇ: ਭਾਸ਼ਾ ਵਿਭਾਗ, ਡਾ: ਐਸ.ਐਨ. ਸੇਵਕ, ਪ੍ਰੋ: ਗੁਰਭਜਨ ਸਿੰਘ, ਪੰਜਾਬੀ ਸਾਹਿਤ ਅਕੈਡਮੀ, ਮੌਲਾਨਾ ਮੁਹੰਮਦ ਉਸਮਾਨ, ਸ਼ਾਹੀ ਇਮਾਮ ਲੁਧਿਆਣਾ, ਸ੍ਰ: ਪ੍ਰਿਤਪਾਲ ਸਿੰਘ ਪ੍ਰਧਾਨ ਗੁ: ਦੂਖ ਨਿਵਾਰਨ, ਠੇਕੇਦਾਰ ਕੰਵਲਇੰਦਰ ਸਿੰਘ, ਕੌਂਸਲਰ ਸ੍ਰ: ਹਰਭਜਨ ਸਿੰਘ ਡੰਗ, ਬਾਬਾ ਅਜੀਤ ਸਿੰਘ, ਸ੍ਰ: ਹਰਬੀਰ ਸਿੰਘ ਭੰਵਰ, ਡਾ: ਇਕਬਾਲ ਸਿੰਘ, ਸੰਤ ਹਰਪਾਲ ਸਿੰਘ ਨਾਮਧਾਰੀ, ਸੰਤ ਲਖਵੀਰ ਸਿੰਘ ਨਾਮਧਾਰੀ, ਪ੍ਰਿੰ: ਪ੍ਰੇਮ ਸਿੰਘ, ਸ੍ਰ: ਸੁਰਿੰਦਰ ਸਿੰਘ, ਡਾਕਟਰ ਪੰਧੇਰ ਪੀ.ਏ.ਯੂ., ਲੁਧਿਆਣਾ, ਮੈਡਮ ਭਿੰਡਰ, ਨੈਸ਼ਨਲ ਐਵਾਰਡੀ ਗਜ਼ਲਕਾਰ ਗੁਰਚਰਨ ਸਿੰਘ, ਇੰਜੀ: ਜੋਗਿੰਦਰ ਸਿੰਘ, ਇੰਟਰਨੈਸ਼ਨਲ ਫਤਹਿ ਅਕੈਡਮੀ, ਜੰਡਿਆਲਾ ਦੇ ਚੇਅਰਮੈਨ ਸ੍ਰ: ਜਗਬੀਰ ਸਿੰਘ, ਸ੍ਰ: ਗੁਰਿੰਦਰ ਸਿੰਘ ਪੱਪੂ ਕੌਂਸਲਰ, ਸ੍ਰੀਮਤੀ ਮਮਤਾ ਆਸ਼ੂ ਕੌਂਸਲਰ, ਡਾ: ਪਰਮਜੀਤ ਸਿੰਘ ਅਤੇ ਲਗਭਗ 400 ਪ੍ਰੋਫੈਸਰ, ਅਧਿਆਪਕ, ਵਿਦਿਆਰਥੀ ਅਤੇ ਪਤਵੰਤਿਆਂ ਲਿਖਾਰੀਆਂ ਸਾਹਿਤਕਾਰਾਂ ਨੇ ਕਾਨਫ਼ਰੰਸ ਵਿਚ ਸ਼ਮੂਲੀਅਤ ਕੀਤੀ।




ਕਾਨ.ਫ਼ਰੰਸ ਦੌਰਾਨ 7 ਮਤੇ ਪੇਸ਼ ਕੀਤੇ ਗਏ। ਇਨ੍ਹਾਂ ਦੀ ਪ੍ਰੋੜ੍ਹਤਾ ਸ੍ਰ: ਗੁਰਮੀਤ ਸਿੰਘ ਚੀ.ਫ ਐਡਮਨਿਸਟ੍ਰੇਟਰ ਨੇ ਕੀਤੀ। ਸ੍ਰ: ਇੰਦਰਪਾਲ ਸਿੰਘ ਚੀ.ਫ ਕੋਲੈਬੋਰੇਟਰ ਨੇ ਸਮੂਹ ਪੰਜਾਬੀਆਂ ਨੂੰ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨ ਹਿੱਤ ਕਾਨਫਰੰਸ ਵਲੋਂ ਪੁਰਜ਼ੋਰ ਅਪੀਲ ਜਾਰੀ ਕੀਤੀ। ਡਾ: ਬਲਵਿੰਦਰਪਾਲ ਸਿੰਘ ਐਡੀ: ਚੀ.ਫ ਆਰਗੇ: ਨੇ ਹਾਜ਼ਰ ਵਿਦਵਾਨਾਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਸਟੱਡੀ ਸਰਕਲ ਦੇ ਵੱਖ-ਵੱਖ ਜ਼ੋਨਾਂ ਤੋਂ ਜ਼ੋਨਲ ਪ੍ਰਧਾਨ, ਜ਼ੋਨਲ ਸਕੱਤਰ ਅਤੇ ਪ੍ਰਤੀਨਿੱਧ, ਵਿੰਗਾਂ ਅਦਾਰਿਆਂ ਦੇ ਅਹੁਦੇਦਾਰ ਵੀ ਕਾਨ.ਫ਼ਰੰਸ ਵਿਚ ਸ਼ਾਮਲ ਹੋਏ। ਨਿਊ ਮਾਡਲ ਟਾਊਨ, ਮਾਡਲ ਗ੍ਰਾਮ, ਸਰਗੋਧਾ ਕਲੋਨੀ, ਮਾਡਲ ਟਾਊਨ ਐਕਸਟੈਨਸ਼ਨ ਤੇ ਹੋਰਨਾਂ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਵੀ ਹਾਜ਼ਰ ਸਨ। ਇਸ ਸਮੇਂ ਲੰਗਰ, ਟੈਂਟ ਅਤੇ ਸਾਊਂਡ ਆਦਿ ਦੀ ਸੇਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀ ਗਈ।